# ਆਕਾਸ਼ਵਾਣੀ ਜਲੰਧਰ

# ਰਾਸ਼ਟਰੀ ਖਬਰਾਂ ਪੰਜਾਬੀ

## 08:30

**ਮਿਤੀ :21-08-2026**

***ਪਹਿਲਾ ਬੁਲੇਟਿਨ ਦੀਆਂ ਖਾਸ ਖਬਰਾਂ***

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੱਲ੍ਹ ਭਾਰਤ ਸਰਕਾਰ ਦੇ ਸਕੱਤਰਾਂ ਨਾਲ ਤੀਜੀ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ.ਦੇਸ਼ ਦੇ ਭਵਿਖ ਲਈ ਲੰਮੇ ਸਮੇਂ ਦੇ ਦ੍ਰਿਸ਼ਟੀਕੋਣ ਨਾਲ ਸੋਚਣ ਲਈ ਕਿਹਾ.

- ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ ਵਰਕਿੰਗ ਕਮੇਟੀ ਦੇ "ਵੰਦੇ ਮਾਤਰਮ" ਦੇ ਪੂਰੇ ਪਾਠ ਦੀ ਬਜਾਏ ਸਿਰਫ਼ ਦੋ ਛੰਦ ਗਾਉਣ ਦੇ ਫੈਸਲੇ ਦੀ ਨੁਕਤਾਚੀਨੀ ਕੀਤੀ.ਪੂਰਾ ਵੰਦੇ ਮਾਤਰਮ ਗਾਉਣ ‘ਤੇ ਜ਼ੋਰ ਦਿੱਤਾ .

- ਭਾਰਤ ਅੱਜ ਪੁਣੇ ਵਿੱਚ  ਬ੍ਰਿਕਸ ਸੰਚਾਰ ਮੰਤਰੀਆਂ ਦੀ 12ਵੀਂ ਮੀਟਿੰਗ ਦੀ ਮੇਜ਼ਬਾਨੀ ਕਰੇਗਾ। ਜੈਪੁਰ ਵਿੱਚ ਬ੍ਰਿਕਸ ਸੈਰ-ਸਪਾਟਾ ਮੰਤਰੀਆਂ ਦੀ ਮੀਟਿੰਗ ਹੋਏਗੀ.

- ਰਾਸ਼ਟਰੀ ਟੈਸਟਿੰਗ ਏਜੰਸੀ ਦਾ ਕਹਿਣਾ ਏ ਕਿ ਉੱਤਰ ਚੁਣੌਤੀ ਪ੍ਰਣਾਲੀ ਸਾਰੇ ਵਿਦਿਆਰਥੀਆਂ ਲਈ ਨਿਰਪੱਖ ਏ.

- ਹਾਕੀ ਵਿਸ਼ਵ ਕਪ ‘ਚ, ਅੱਜ ਭਾਰਤ ਦੀ ਔਰਤਾਂ ਦੀ ਟੀਮ, ਐਮਸਟਲਵੀਨ ਵਿੱਚ ਨੀਦਰਲੈਂਡਜ਼ ਖਿਲਾਫ਼ ਖੇਡੇਗੀ.

***ਹੁਣ ਖਬਰਾਂ ਵਿਸਥਾਰ ਨਾਲ***

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੱਲ੍ਹ ਆਪਣੀ ਰਿਹਾਇਸ਼ 'ਤੇ ਭਾਰਤ ਸਰਕਾਰ ਦੇ ਸਕੱਤਰਾਂ ਨਾਲ ਤੀਜੀ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ ਅਤੇ ਬੁਨਿਆਦੀ ਢਾਂਚਾ ਅਤੇ ਸੰਪਰਕ, ਸੁਰੱਖਿਆ, ਵਿਦੇਸ਼ ਮਾਮਲਿਆਂ ਅਤੇ ਸ਼ਾਸਨ ਨਾਲ ਸਬੰਧਿਤ  ਮੰਤਰਾਲਿਆਂ ਅਤੇ ਵਿਭਾਗਾਂ ਦੇ ਭਵਿੱਖ ਦੇ ਕਾਰਜ ਏਜੰਡੇ 'ਤੇ ਚਰਚਾ ਕੀਤੀ। ਮੀਟਿੰਗ ਦੌਰਾਨ ਪ੍ਰਧਾਨ ਮੰਤਰੀ ਨੇ ਸਕੱਤਰਾਂ ਨੂੰ ਇਸ ਬਾਰੇ ਲੰਮੇ ਸਮੇਂ ਦੇ ਦ੍ਰਿਸ਼ਟੀਕੋਣ ਨਾਲ ਸੋਚਣ ਦੀ ਅਪੀਲ ਕੀਤੀ ਦੇਸ਼ ਦੇ ਭਵਿੱਖ ਨੂੰ ਕਿਵੇਂ ਢਾਲਣਾ ਚਾਹੀਦਾ ਏ। ਵਧੇਰੇ ਅੰਤਰ-ਕਾਰਜਸ਼ੀਲਤਾ ਅਤੇ ਡੇਟਾ ਦੀ ਪ੍ਰਭਾਵਸ਼ਾਲੀ ਵਰਤੋਂ ਦੀ ਮੰਗ ਕਰਦੇ ਹੋਏ, ਸ਼੍ਰੀ ਮੋਦੀ ਨੇ ਕਿਹਾ ਕਿ ਡੇਟਾ ਇੱਕ ਰਾਸ਼ਟਰੀ ਅਸਾਸਾ ਅਤੇ ਭਵਿੱਖ ਲਈ ਇੱਕ ਵਸੀਲਾ ਏ।  ਅਧਿਕਾਰੀਆਂ ਵਿੱਚ ਗੈਰ-ਰਸਮੀ

ਗੱਲਬਾਤ ਅਤੇ ਟੀਮ ਭਾਵਨਾ ਬਣਾਉਣ ਦੀ ਮਹੱਤਤਾ ਨੂੰ ਉਜਾਗਰ ਕਰਦੇ ਹੋਏ, ਸ਼੍ਰੀ ਮੋਦੀ ਨੇ ਨੀਤੀ ਨਿਰਮਾਣ ਵਿੱਚ ਨਵੇਂ ਦ੍ਰਿਸ਼ਟੀਕੋਣ ਲਿਆਉਣ ਲਈ ਸਰਕਾਰੀ ਵਿਭਾਗਾਂ, ਯੂਨੀਵਰਸਿਟੀਆਂ ਅਤੇ ਨੌਜਵਾਨਾਂ ਵਿਚਕਾਰ ਵਧੇਰੇ ਸ਼ਮੂਲੀਅਤ ਦੀ ਮੰਗ ਕੀਤੀ। ਉਨ੍ਹਾਂ ਦੇਸ਼ ਦੀ ਰੱਖਿਆ ਸਨਅਤ ਨੂੰ ਹੋਰ ਮਜ਼ਬੂਤ ਕਰਨ ਅਤੇ ਇਸਨੂੰ ਵਿਸ਼ਵ ਪੱਧਰ 'ਤੇ ਵਧੇਰੇ ਮੁਕਾਬਲੇ ਬਾਜ਼ੀ ਵਾਲਾ ਬਣਾਉਣ ਦੀ ਜ਼ਰੂਰਤ 'ਤੇ ਵੀ ਜ਼ੋਰ ਦਿੱਤਾ। ਕੋਵਿਡ-19 ਮਹਾਂਮਾਰੀ ਅਤੇ ਪੱਛਮੀ ਏਸ਼ੀਆ ਸੰਕਟ ਦੇ ਤਜ਼ਰਬਿਆਂ ਦੀਆਂ ਮਿਸਾਲਾਂ ਦਿੰਦੇ ਹੋਏ, ਉਨ੍ਹਾਂ ਕਿਹਾ ਕਿ ਅਜਿਹੀਆਂ ਤਾਲਮੇਲ ਵਿਧੀਆਂ ਨੂੰ ਸਰਕਾਰ ਦੇ ਕੰਮਕਾਜ ਦਾ ਇੱਕ ਕੁਦਰਤੀ ਹਿੱਸਾ ਬਣਨਾ ਚਾਹੀਦਾ ਏ । ਸ਼੍ਰੀ ਮੋਦੀ ਨੇ ਮਨੁੱਖੀ ਦਖਲਅੰਦਾਜ਼ੀ ਨੂੰ ਯਕੀਨੀ ਬਣਾਉਂਦੇ ਹੋਏ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਪ੍ਰਭਾਵਸ਼ਾਲੀ ਵਰਤੋਂ ਅਤੇ ਮਨੁੱਖੀ ਮੁਹਾਰਤ ਨਾਲ ਏ.ਆਈ. ਦੀਆਂ ਸਮਰੱਥਾਵਾਂ ਨੂੰ ਜੋੜਨ ਦੇ ਨਵੀਨਤਾਕਾਰੀ ਤਰੀਕਿਆਂ ਦੀ ਖੋਜ ਕਰਨ ਦਾ ਸੱਦਾ ਵੀ ਦਿੱਤਾ। ਮੀਟਿੰਗ ਦੌਰਾਨ, ਸਕੱਤਰਾਂ ਨੇ ਖੇਤਰਾਂ ਦੀਆਂ ਤਰਜੀਹਾਂ, ਉੱਭਰ ਰਹੀਆਂ ਚੁਣੌਤੀਆਂ ਅਤੇ ਲਾਗੂਕਰਨ ਮੁੱਦਿਆਂ 'ਤੇ ਆਪਣੇ ਅਨੁਭਵ ਸਾਂਝੇ ਕੀਤੇ। ਕੈਬਨਿਟ ਸਕੱਤਰ, ਮੁੱਖ ਮੰਤਰਾਲਿਆਂ ਅਤੇ ਵਿਭਾਗਾਂ ਦੇ ਸਕੱਤਰ, ਅਤੇ ਪ੍ਰਧਾਨ ਮੰਤਰੀ ਦਫ਼ਤਰ ਦੇ ਸੀਨੀਅਰ ਅਧਿਕਾਰੀ ਮੀਟਿੰਗ ਵਿੱਚ ਸ਼ਾਮਲ ਹੋਏ।

---------------------------------------------------

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੱਲ੍ਹ ਨਵੀਂ ਦਿੱਲੀ ਵਿੱਚ ਜਾਪਾਨੀ ਰੱਖਿਆ ਮੰਤਰੀ ਸ਼ਿੰਜੀਰੋ ਕੋਇਜ਼ੁਮੀ ਨਾਲ ਮੁਲਾਕਾਤ ਕੀਤੀ। ਮੁਲਾਕਾਤ ਦੌਰਾਨ, ਸ਼੍ਰੀ ਮੋਦੀ ਨੇ ਭਾਰਤ ਅਤੇ ਜਾਪਾਨ ਵਿਚਕਾਰ ਵਿਸ਼ੇਸ਼ ਰਣਨੀਤਕ ਅਤੇ ਆਲਮੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਦੇ ਆਪਣੇ ਦ੍ਰਿਸ਼ਟੀਕੋਣ ਨੂੰ ਸਾਂਝਾ ਕੀਤਾ। ਉਨ੍ਹਾਂ ਨੇ ਹਿੰਦ-ਪ੍ਰਸ਼ਾਂਤ ਅਤੇ ਇਸ ਤੋਂ ਬਾਹਰ ਸ਼ਾਂਤੀ, ਸਥਿਰਤਾ ਅਤੇ ਖੁਸ਼ਹਾਲੀ ਨੂੰ ਉਤਸ਼ਾਹਿਤ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ। ਪ੍ਰਧਾਨ ਮੰਤਰੀ ਨੇ ਜਾਪਾਨ ਲਈ ਰੱਖਿਆ ਖੇਤਰ ਵਿੱਚ ਭਾਰਤੀ ਕੰਪਨੀਆਂ ਅਤੇ ਸਟਾਰਟ-ਅੱਪਸ ਨਾਲ ਭਾਈਵਾਲੀ ਦੇ ਮੌਕਿਆਂ ਬਾਰੇ ਗੱਲ ਕੀਤੀ, ਖਾਸ ਕਰਕੇ "ਮੇਕ ਇਨ ਇੰਡੀਆ" ਪਹਿਲਕਦਮੀ  ਤਹਿਤ ਸਾਂਝੇ ਵਿਕਾਸ ਅਤੇ ਉਤਪਾਦਨ ਲਈ। ਰੱਖਿਆ ਮੰਤਰੀ ਕੋਇਜ਼ੁਮੀ ਨੇ ਸ਼੍ਰੀ ਮੋਦੀ ਨੂੰ ਦੁਵੱਲੇ ਰੱਖਿਆ ਸਹਿਯੋਗ ਵਿੱਚ ਹੋਈ ਪ੍ਰਗਤੀ ਬਾਰੇ ਜਾਣਕਾਰੀ ਦਿੱਤੀ। ਇੱਕ ਸੋਸ਼ਲ ਮੀਡੀਆ ਪੋਸਟ ਸਾਂਝੀ ਕਰਦੇ ਹੋਏ, ਸ਼੍ਰੀ ਮੋਦੀ ਨੇ ਕਿਹਾ ਕਿ ਉਨ੍ਹਾਂ ਨੇ ਭਾਰਤ ਅਤੇ ਜਾਪਾਨ ਵਿਚਕਾਰ ਰੱਖਿਆ ਅਤੇ ਸੁਰੱਖਿਆ ਸਬੰਧਾਂ ਨੂੰ ਡੂੰਘਾ ਕਰਨ 'ਤੇ ਬਹੁਤ ਵਧੀਆ ਗੱਲਬਾਤ ਕੀਤੀ।

---------------------------------------------------------

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ ਵਰਕਿੰਗ ਕਮੇਟੀ ਦੇ "ਵੰਦੇ ਮਾਤਰਮ" ਦੇ ਪੂਰੇ ਪਾਠ ਦੀ ਬਜਾਏ ਸਿਰਫ਼ ਦੋ ਸ਼ਲੋਕ  ਗਾਉਣ ਦੇ ਫੈਸਲੇ ਦੀ ਨੁਕਤਾਚੀਨੀ ਕੀਤੀ ਏ. ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੀ ਸ਼ਾਹ ਨੇ ਕਿਹਾ ਕਿ ਇਹ ਫੈਸਲਾ ਸੰਸਦ ਵਲੋਂ ਪਾਸ ਕੀਤੇ

ਕਾਨੂੰਨ ਦੀ ਘੋਰ ਉਲੰਘਣਾ ਅਤੇ ਰਾਸ਼ਟਰ ਵਿਰੋਧੀ ਏ । ਸ਼੍ਰੀ ਸ਼ਾਹ ਨੇ ਦਾਅਵਾ ਕੀਤਾ ਕਿ 1937 ਵਿੱਚ, ਕਾਂਗਰਸ ਨੇ "ਵੰਦੇ ਮਾਤਰਮ" ਨੂੰ ਦੋ ਹਿੱਸਿਆਂ ਵਿੱਚ ਵੰਡ ਦਿੱਤਾ ਸੀ। ਉਨ੍ਹਾਂ ਕਿਹਾ ਕਿ "ਵੰਦੇ ਮਾਤਰਮ" ਦੀ 150ਵੀਂ ਵਰ੍ਹੇਗੰਢ 'ਤੇ, ਕੇਂਦਰ ਸਰਕਾਰ ਨੇ ਇਸ ਇਤਿਹਾਸਕ ਗਲਤੀ ਨੂੰ ਸੁਧਾਰਿਆ ਅਤੇ ਪੂਰੇ ਗੀਤ ਨੂੰ ਕਾਨੂੰਨੀ ਮਾਨਤਾ ਦਿੱਤੀ। ਸ਼੍ਰੀ ਸ਼ਾਹ ਨੇ ਇਲ੍ਜ਼ਾਮ ਲਾਇਆ ਕਿ ਰਾਹੁਲ ਗਾਂਧੀ ਦੀ ਅਗਵਾਈ ਹੇਠ, ਕਾਂਗਰਸ ਇੱਕ ਵਾਰ ਫਿਰ ਵੋਟ ਬੈਂਕ ਦੀ ਰਾਜਨੀਤੀ ਲਈ ਖੁਸ਼ਾਮਦ ਦਾ ਸਹਾਰਾ ਲੈ ਰਹੀ ਏ –

byte- AMIT SHAH --VM

---------------------------------------------------------

ਭਾਰਤ ਅੱਜ ਪੁਣੇ ਵਿੱਚ  ਬ੍ਰਿਕਸ ਸੰਚਾਰ ਮੰਤਰੀਆਂ ਦੀ 12ਵੀਂ ਮੀਟਿੰਗ ਦੀ ਮੇਜ਼ਬਾਨੀ ਕਰੇਗਾ। ਇਸ ਮੀਟਿੰਗ ਦੀ ਪ੍ਰਧਾਨਗੀ ਸੰਚਾਰ ਮੰਤਰੀ ਜਯੋਤੀਰਾਦਿਤਿਆ ਸਿੰਧੀਆ ਕਰਨਗੇ। ਬ੍ਰਿਕਸ ਮੈਂਬਰ ਦੇਸ਼ਾਂ ਦੇ ਸੰਚਾਰ ਮੰਤਰੀ ਅਤੇ ਸੀਨੀਅਰ ਪ੍ਰਤੀਨਿਧੀ ਸੂਚਨਾ ਅਤੇ ਸੰਚਾਰ ਤਕਨਾਲੋਜੀ, ਡਿਜੀਟਲ ਪਰਿਵਰਤਨ ਅਤੇ ਨਵੀਨਤਾ ਨੂੰ ਮਜ਼ਬੂਤ ਕਰਨ 'ਤੇ ਵਿਚਾਰ-ਵਟਾਂਦਰਾ ਕਰਨਗੇ। ਮੀਟਿੰਗ ਦਾ ਵਿਸ਼ਾ ਨਵੀਨਤਾ, ਸਹਿਯੋਗ ਅਤੇ ਇੱਕ ਲਚਕੀਲੇ ਭਵਿੱਖ ਲਈ ਤਬਦੀਲੀ ਏ । ਵਿਚਾਰ-ਵਟਾਂਦਰੇ ਬ੍ਰਿਕਸ ਦੇਸ਼ਾਂ ਅਤੇ ਵਿਆਪਕ ਆਲਮੀ ਦੱਖਣ ਵਿੱਚ ਡਿਜੀਟਲ ਤਬਦੀਲੀ ਨੂੰ ਹਮਾਇਤ ਦੇਣ ਲਈ ਵਿਹਾਰਕ ਸਹਿਯੋਗ ਨੂੰ ਵਧਾਉਣ ਅਤੇ ਸਭ ਤੋਂ ਵਧੀਆ ਢੰਗ – ਤਰੀਕਿਆਂ ਨੂੰ ਸਾਂਝਾ ਕਰਨ 'ਤੇ ਵੀ

ਕੇਂਦ੍ਰਿਤ ਹੋਣਗੇ। ਬ੍ਰਿਕਸ ਸੈਰ-ਸਪਾਟਾ ਮੰਤਰੀਆਂ ਦੀ ਮੀਟਿੰਗ ਵੀ ਅੱਜ ਜੈਪੁਰ ਵਿੱਚ ਭਾਰਤ ਦੀ ਬ੍ਰਿਕਸ ਪ੍ਰਧਾਨਗੀ ਹੇਠ ਸ਼ੁਰੂ ਹੋਵੇਗੀ। ਦੋ ਦਿਨਾਂ ਮੀਟਿੰਗ ਵਿੱਚ ਬ੍ਰਿਕਸ ਮੈਂਬਰ ਦੇਸ਼ਾਂ ਦੇ ਸੈਰ-ਸਪਾਟਾ ਮੰਤਰੀ ਅਤੇ ਸੀਨੀਅਰ ਅਧਿਕਾਰੀ ਸ਼ਾਮਲ ਹੋਣਗੇ। ਮੀਟਿੰਗ ਸੈਰ-ਸਪਾਟਾ ਖੇਤਰ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨ 'ਤੇ ਕੇਂਦ੍ਰਿਤ ਹੋਵੇਗੀ। ਚਰਚਾ ਦੇ ਮੁੱਖ ਵਿਸ਼ਿਆਂ ਵਿੱਚ ਨਿਰੰਤਰ ਰਹਿਣ ਯੋਗ ਅਤੇ ਜ਼ਿੰਮੇਵਾਰ ਸੈਰ-ਸਪਾਟਾ, ਹੁਨਰ ਵਿਕਾਸ, ਪਹੁੰਚਯੋਗ ਯਾਤਰਾ, ਅਤੇ ਸੈਰ-ਸਪਾਟੇ ਵਿੱਚ ਤਕਨਾਲੋਜੀ ਅਤੇ ਆਰਟੀਫੀਸ਼ੀਅਲ ਇੰਟੈਲੀਜੈਂਸ ਦੀ ਵਰਤੋਂ ਸ਼ਾਮਲ ਹੋਵੇਗੀ।

---------------------------------------------------------------

ਕੇਂਦਰੀ ਮੰਤਰੀ ਮੰਡਲ ਨੇ ਲੱਦਾਖ ਵਿੱਚ ਜੰਮੂ-ਕਸ਼ਮੀਰ ਹਾਈ ਕੋਰਟ ਦੇ ਬੈਂਚ ਦੀ ਸਥਾਪਨਾ ਨੂੰ ਮਨਜ਼ੂਰੀ ਦੇ ਦਿੱਤੀ ਏ । ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਇਸ ਦਾ ਖੁਲਾਸਾ ਕੀਤਾ। ਸ੍ਰੀ ਸ਼ਾਹ ਨੇ ਕਿਹਾ ਕਿ ਇਹ ਫੈਸਲਾ ਲੱਦਾਖ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ ਰਹਿਣ ਵਾਲੇ ਨਾਗਰਿਕਾਂ ਲਈ ਨਿਆਂ ਤੱਕ ਪਹੁੰਚ ਵਿੱਚ ਮਹੱਤਵਪੂਰਨ ਵਾਧਾ ਕਰੇਗਾ, ਜਿਸ ਨਾਲ ਉਨ੍ਹਾਂ ਨੂੰ ਕਾਨੂੰਨੀ ਸੇਵਾਵਾਂ ਪ੍ਰਾਪਤ ਕਰਨ ਲਈ ਲੋੜੀਂਦੇ ਸਮੇਂ ਨੂੰ ਘਟਾ ਦਿੱਤਾ ਜਾਵੇਗਾ ਜਿਨ੍ਹਾਂ ਦੇ ਉਹ ਹੱਕਦਾਰ ਨੇ. ਉਨ੍ਹਾਂ ਅੱਗੇ ਕਿਹਾ ਕਿ ਸਰਕਾਰ ਲੱਦਾਖ ਦੇ ਸਰਬਪੱਖੀ ਵਿਕਾਸ ਅਤੇ ਸੰਵਿਧਾਨਕ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਪੂਰੀ ਤਰ੍ਹਾਂ ਵਚਨਬੱਧ ਏ ।

---

ਰਾਸ਼ਟਰੀ ਟੈਸਟਿੰਗ ਏਜੰਸੀ (NTA) ਨੇ ਕਿਹਾ ਏ ਕਿ ਉੱਤਰ ਚੁਣੌਤੀ ਪ੍ਰਣਾਲੀ ਸਾਰੇ ਵਿਦਿਆਰਥੀਆਂ ਲਈ ਨਿਰਪੱਖ ਏ. NTA ਨੇ ਇਸ ਦੇ ਮਹਿੰਗੇ ਹੋਣ ਦੀਆਂ ਚਿੰਤਾਵਾਂ ਨੂੰ ਖਾਰਜ ਕਰ ਦਿੱਤਾ ਏ. NTA ਦੀ ਉੱਤਰ ਚੁਣੌਤੀ ਇੱਕ ਔਨਲਾਈਨ ਪ੍ਰਕਿਰਿਆ ਏ ਜਿਸ ਰਾਹੀਂ JEE ਮੇਨ, NEET, ਜਾਂ UGC NET ਪ੍ਰੀਖਿਆਵਾਂ ਵਿੱਚ ਸ਼ਾਮਲ ਹੋਣ ਵਾਲੇ ਉਮੀਦਵਾਰ ਆਰਜ਼ੀ ਉੱਤਰਾਂ ਵਿੱਚ ਗਲਤੀਆਂ 'ਤੇ ਇਤਰਾਜ਼ ਉਠਾ ਸਕਦੇ ਨੇ. ਇੱਕ ਸੋਸ਼ਲ ਮੀਡੀਆ ਪੋਸਟ ਵਿੱਚ, NTA ਨੇ ਕਿਹਾ ਕਿ ਜੇਕਰ ਕੋਈ ਉਮੀਦਵਾਰ ਕਿਸੇ ਪ੍ਰਸ਼ਨ ਨੂੰ ਚੁਣੌਤੀ ਦਿੰਦਾ ਏ ਅਤੇ ਵਿਸ਼ਾ ਮਾਹਰ ਚੁਣੌਤੀ ਨੂੰ ਸਵੀਕਾਰ ਕਰਦਾ ਏ, ਤਾਂ ਸੋਧਿਆ ਹੋਇਆ ਉੱਤਰ ਪ੍ਰੀਖਿਆ ਦੇਣ ਵਾਲੇ ਸਾਰੇ ਉਮੀਦਵਾਰਾਂ 'ਤੇ ਲਾਗੂ ਹੁੰਦਾ ਏ. NTA ਨੇ ਕਿਹਾ ਕਿ ਉੱਤਰ ਚੁਣੌਤੀਆਂ ਲਈ ਫੀਸ ਬੇਲੋੜੀਆਂ ਚੁਣੌਤੀਆਂ ਨੂੰ ਰੋਕਣ ਲਈ ਲਈ ਜਾਂਦੀ ਏ ਅਤੇ ਜੇਕਰ ਚੁਣੌਤੀ ਵੈਧ ਪਾਈ ਜਾਂਦੀ ਏ ਤਾਂ ਵਾਪਸ ਕਰ ਦਿੱਤੀ ਜਾਂਦੀ ਏ. NTA ਨੇ ਕਿਹਾ ਕਿ ਜਿਸ ਉਮੀਦਵਾਰ ਦੀ ਚੁਣੌਤੀ ਨੂੰ ਵੈਧ ਮੰਨਿਆ ਜਾਂਦਾ ਏ, ਉਸਨੂੰ ਪ੍ਰਤੀ ਪ੍ਰਸ਼ਨ 200 ਰੁਪਏ ਵਾਪਸ ਕਰ ਦਿੱਤੇ ਜਾਂਦੇ ਨੇ. NTA ਨੇ ਕਿਹਾ ਕਿ ਫੀਸ ਦਾ ਉਦੇਸ਼ ਬੇਲੋੜੀਆਂ ਚੁਣੌਤੀਆਂ ਨੂੰ ਰੋਕਣਾ ਏ ਨਾ ਕਿ ਇੱਕ ਵੈਧ ਚੁਣੌਤੀ ਤੋਂ ਲਾਭ ਪ੍ਰਾਪਤ ਕਰਨਾ । ਕਿਸੇ ਵੀ ਉਮੀਦਵਾਰ ਵਲੋਂ ਇੱਕ ਵੈਧ ਚੁਣੌਤੀ ਲੱਖਾਂ ਹੋਰ ਉਮੀਦਵਾਰਾਂ ਦੇ ਰਿਕਾਰਡ ਨੂੰ ਠੀਕ ਕਰ ਸਕਦੀ ਏ ।

---

ਕੇਂਦਰੀ ਸਿੱਖਿਆ ਮੰਤਰੀ ਪ੍ਰਹਿਲਾਦ ਜੋਸ਼ੀ ਨੇ ਕਲ੍ਹ ਉੱਚ ਸਿੱਖਿਆ ਪ੍ਰਣਾਲੀ ਨੂੰ ਮਜ਼ਬੂਤ ਕਰਨ ਲਈ ਮੰਤਰਾਲੇ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਮੀਟਿੰਗ ਵਿੱਚ ਸਿੱਖਿਆ ਦੀ ਗੁਣਵੱਤਾ ਵਧਾਉਣ, ਵਿਦਿਅਕ ਸੰਸਥਾਵਾਂ ਨੂੰ ਬਿਹਤਰ ਬਣਾਉਣ ਅਤੇ ਦੇਸ਼ ਦੇ ਵਿਦਿਆਰਥੀਆਂ ਲਈ ਨਵੇਂ ਮੌਕਿਆਂ ਦਾ ਪਸਾਰ ਕਰਨ ਦੀਆਂ ਯੋਜਨਾਵਾਂ ਦੀ ਸਮੀਖਿਆ ਕੀਤੀ ਗਈ। ਸ੍ਰੀ ਜੋਸ਼ੀ ਨੇ ਕਿਹਾ ਕਿ ਇਨ੍ਹਾਂ ਖੇਤਰਾਂ ਵਿੱਚ ਸੁਧਾਰ ਲਈ ਸਰਕਾਰ ਦੀਆਂ ਯੋਜਨਾਵਾਂ ਨੂੰ ਹੋਰ ਲਾਗੂ ਕੀਤਾ ਜਾਵੇਗਾ।

---

ਟਰੰਪ ਪ੍ਰਸ਼ਾਸਨ ਨੇ ਹਿਜ਼ਬੁੱਲਾ 'ਤੇ ਨਵੀਆਂ ਪਾਬੰਦੀਆਂ ਲਾਈਆਂ ਨੇ. ਅਮਰੀਕੀ ਪ੍ਰਸ਼ਾਸਨ ਨੇ ਇਸ ਸਮੂਹ ਨੂੰ ਈਰਾਨ ਦੇ ਪ੍ਰਤਿਨਿਧ ਵਜੋਂ ਦੁਬਾਰਾ ਵਰਗੀਕ੍ਰਿਤ ਕੀਤਾ ਏ । ਅਮਰੀਕੀ ਖਜ਼ਾਨਾ ਵਿਭਾਗ ਨੇ ਹਿਜ਼ਬੁੱਲਾ ਨੂੰ ਫੰਡ ਟ੍ਰਾਂਸਫਰ ਕਰਨ ਲਈ ਜ਼ਿੰਮੇਵਾਰ ਨੈੱਟਵਰਕ ਦਾ ਹਿੱਸਾ ਹੋਣ ਦੇ ਦੋਸ਼ ਵਿੱਚ 10 ਵਿਅਕਤੀਆਂ ਵਿਰੁੱਧ ਪਾਬੰਦੀਆਂ ਦਾ ਐਲਾਨ ਕੀਤਾ ਏ।

---

ਖੇਡਾਂ 'ਚ ਬੈਡਮਿੰਟਨ ਵਿੱਚ, ਭਾਰਤੀ ਖਿਡਾਰੀ ਅੱਜ ਨਵੀਂ ਦਿੱਲੀ ਵਿੱਚ BWF ਵਿਸ਼ਵ ਚੈਂਪੀਅਨਸ਼ਿਪ 2026 ਵਿੱਚ ਮਰਦਾਂ ਅਤੇ ਔਰਤਾਂ ਦੇ ਡਬਲਜ਼ ਦੇ ਕੁਆਰਟਰ ਫਾਈਨਲ ਵਿੱਚ ਮੈਦਾਨ ‘ਚ ਉਤਰਨਗੇ .

ਹਾਕੀ ਵਿੱਚ, ਭਾਰਤ ਦੀ ਔਰਤਾਂ ਦੀ ਟੀਮ ਅੱਜ ਐਮਸਟਲਵੀਨ ਵਿੱਚ FIH ਵਿਸ਼ਵ ਕੱਪ ਦੇ ਦੂਜੇ ਪੂਲ ਪੜਾਅ ਦੇ ਪਹਿਲੇ ਮੈਚ ਵਿੱਚ ਨੀਦਰਲੈਂਡਜ਼ ਖਿਲਾਫ਼ ਖੇਡੇਗੀ. ਇਹ ਮੈਚ ਭਾਰਤੀ ਸਮੇਂ ਅਨੁਸਾਰ ਰਾਤ ਸਾਢੇ 9 ਵਜੇ ਸ਼ੁਰੂ ਹੋਵੇਗਾ। ਇਸ ਤੋਂ ਪਹਿਲਾਂ, ਭਾਰਤ ਕੱਲ੍ਹ ਆਪਣੇ ਆਖਰੀ ਪੂਲ ਡੀ ਮੈਚ ਵਿੱਚ ਇੰਗਲੈਂਡ ਨਾਲ ਬਿਨਾ ਕਿਸੇ ਗੋਲ ਦੇ ਡਰਾਅ ਤੋਂ ਬਾਅਦ ਦੂਜੇ ਦੌਰ ਵਿੱਚ ਪਹੁੰਚ ਗਿਆ । ਦੋਵਾਂ ਟੀਮਾਂ ਨੇ ਮੌਕੇ ਬਣਾਏ ਪਰ ਗੋਲ ਕਰਨ ਵਿੱਚ ਅਸਫਲ ਰਹੀਆਂ। ਪੂਰੇ ਮੈਚ ਦੌਰਾਨ ਭਾਰਤ ਦਾ ਡਿਫੈਂਸ  ਮਜ਼ਬੂਤ ਰਿਹਾ। ਭਾਰਤ ਨੇ ਕਈ ਪੈਨਲਟੀ ਕਾਰਨਰ ਰੋਕੇ, ਖਾਸ ਕਰਕੇ ਤਣਾਅਪੂਰਨ ਦੂਜੇ ਹਾਫ਼ ਦੌਰਾਨ। ਇਸ ਡਰਾਅ ਨੇ ਸਲੀਮਾ ਟੇਟੇ ਦੀ ਅਗਵਾਈ ਵਾਲੀ ਭਾਰਤੀ ਟੀਮ ਨੂੰ ਪੂਲ ਡੀ ਵਿੱਚ ਇੱਕ ਮਹੱਤਵਪੂਰਨ ਦੂਜਾ ਸਥਾਨ ਸੁਰੱਖਿਅਤ ਕਰਨ ਵਿੱਚ ਮਦਦ ਕੀਤੀ।

---------------------------------------------------------

- ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੱਲ੍ਹ ਭਾਰਤ ਸਰਕਾਰ ਦੇ ਸਕੱਤਰਾਂ ਨਾਲ ਤੀਜੀ ਉੱਚ-ਪੱਧਰੀ ਮੀਟਿੰਗ ਦੀ ਪ੍ਰਧਾਨਗੀ ਕੀਤੀ.ਦੇਸ਼ ਦੇ ਭਵਿਖ ਲਈ ਲੰਮੇ ਸਮੇਂ ਦੇ ਦ੍ਰਿਸ਼ਟੀਕੋਣ ਨਾਲ ਸੋਚਣ ਲਈ ਕਿਹਾ.

- ਗ੍ਰਿਹ ਮੰਤਰੀ ਅਮਿਤ ਸ਼ਾਹ ਨੇ ਕਾਂਗਰਸ ਵਰਕਿੰਗ ਕਮੇਟੀ ਦੇ "ਵੰਦੇ ਮਾਤਰਮ" ਦੇ ਪੂਰੇ ਪਾਠ ਦੀ ਬਜਾਏ ਸਿਰਫ਼ ਦੋ ਛੰਦ ਗਾਉਣ

ਦੇ ਫੈਸਲੇ ਦੀ ਨੁਕਤਾਚੀਨੀ ਕੀਤੀ.ਪੂਰਾ ਵੰਦੇ ਮਾਤਰਮ ਗਾਉਣ ‘ਤੇ ਜ਼ੋਰ ਦਿੱਤਾ .

- ਭਾਰਤ ਅੱਜ ਪੁਣੇ ਵਿੱਚ ਬ੍ਰਿਕਸ ਸੰਚਾਰ ਮੰਤਰੀਆਂ ਦੀ 12ਵੀਂ ਮੀਟਿੰਗ ਦੀ ਮੇਜ਼ਬਾਨੀ ਕਰੇਗਾ। ਜੈਪੁਰ ਵਿੱਚ ਬ੍ਰਿਕਸ ਸੈਰ-ਸਪਾਟਾ ਮੰਤਰੀਆਂ ਦੀ ਮੀਟਿੰਗ ਹੋਏਗੀ.

- ਰਾਸ਼ਟਰੀ ਟੈਸਟਿੰਗ ਏਜੰਸੀ ਦਾ ਕਹਿਣਾ ਏ ਕਿ ਉੱਤਰ ਚੁਣੌਤੀ ਪ੍ਰਣਾਲੀ ਸਾਰੇ ਵਿਦਿਆਰਥੀਆਂ ਲਈ ਨਿਰਪੱਖ ਏ.

- ਹਾਕੀ ਵਿਸ਼ਵ ਕਪ ‘ਚ, ਅੱਜ ਭਾਰਤ ਦੀ ਔਰਤਾਂ ਦੀ ਟੀਮ, ਐਮਸਟਲਵੀਨ ਵਿੱਚ ਨੀਦਰਲੈਂਡਜ਼ ਖਿਲਾਫ਼ ਖੇਡੇਗੀ.

---

ਇਸਦੇ ਨਾਲ ਹੀ ਰਾਸ਼ਟਰੀ ਖਬਰਾਂ ਦਾ ਇਹ ਬੁਲੇਟਿਨ ਖਤਮ ਹੋਇਆ, ਪ੍ਰਾਦੇਸ਼ਿਕ ਖਬਰਾਂ ਦਾ ਅਗਲਾ ਬੁਲੇਟਿਨ ਤੁਸੀਂ ਸੁਣੋਗੇ ਦੁਪਿਹਰ ਬਾਅਦ 1 ਵਜ ਕੇ 10 ਮਿੰਟ ‘ਤੇ ਨਮਸਕਾਰ!